# ਸਿਵਲ ਸਰਜਨ, ਮਾਨਸਾ

ਦਫ਼ਤਰ ਸਿਵਲ ਸਰਜਨ ਮੇਨ ਪੋਸਟ ਆਫਿਸ ਦੇ ਨਜ਼ਦੀਕ, ਪੁਰਾਣੇ ਜਨਾਨਾ ਹਸਪਤਾਲ ਵਿਖੇ ਸਥਿਤ ਹੈ। ਇਸ ਦਾ ਮੁੱਖੀ ਸਿਵਲ ਸਰਜਨ ਹੁੰਦਾ ਹੈ। ਉਸਦੇ ਸਹਾਇਕ ਹੇਠ ਲਿਖੇ ਅਨੁਸਾਰ ਹੁੰਦੇ ਹਨ :-

1. ਸਹਾਇਕ ਸਿਵਲ ਸਰਜਨ
2. ਜ਼ਿਲ੍ਹਾ ਹੈਲਥ ਅਫ਼ਸਰ
3. ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ
4. ਸਹਾਇਕ ਕੰਟਰੋਲਰ (ਵਿੱਤ ਅਤੇ ਲੇਖਾ)
5. ਜ਼ਿਲ੍ਹਾ ਸਮੂਹ ਸਿੱਖਿਆ ਅਤੇ ਸੂਚਨਾ ਅਫ਼ਸਰ
6. ਸੁਪਰਡੈਂਟ
7. ਡਰੱਗਜ ਇੰਸਪੈਕਟਰ
8. ਜ਼ਿਲ੍ਹਾ ਟੀ.ਬੀ. ਅਫ਼ਸਰ

## *ਸਕੀਮਾਂ ਦਾ ਵੇਰਵਾ*

1. ਸਿਵਲ ਹਸਪਤਾਲਾਂ ਵਿੱਚ ਸਹੂਲਤਾਂ ਦਾ ਵੇਰਵਾ:-

ਪਰਿਸਕਰਿਪਸ਼ਨ ( ਮਸਵਰਾ ) ਅਤੇ ਸਰਕਾਰ ਵਲੋਂ ਭੇਜੀਆਂ ਗਈਆਂ ਦਵਾਈਆਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਗੰਭੀਰ ਬਿਮਾਰੀ ਨਾਲ ਲਿਪਤ ਮਰੀਜਾਂ ਨੂੰ ਹਸਪਤਾਲ ਵਿੱਚ ਦਾਖਲ ਕਰਕੇ ਇਲਾਜ ਕੀਤਾ ਜਾਂਦਾ ਹੈ ਅਤੇ ਗਰੀਬ ਮਰੀਜਾਂ ਨੂੰ ਖਾਣਾ ਵੀ ਮੁਫ਼ਤ ਦਿੱਤਾ ਜਾਂਦਾ ਹੈ। ਇਹ ਸਹੂਲਤਾਂ ਲੈਣ ਲਈ ਦਾਖਲਾ ਫੀਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

| | | |
|---|---|---|
| 1000/- ਰੁ: ਮਾਸਿਕ ਤੋਂ ਘੱਟ ਆਮਦਨ ਵਾਲੇ ਲਈ ਫੀਸ | = | 5-00 |
| 1001/- ਰੁ: ਮਾਸਿਕ ਤੋਂ 2000/- ਰੁ: ਤੱਕ ਆਮਦਨ ਵਾਲੇ ਲਈ ਫੀਸ | = | 10-00 |
| 2001/- ਰੁ: ਮਾਸਿਕ ਤੋਂ ਵੱਧ ਆਮਦਨ ਵਾਲੇ ਲਈ ਫੀਸ | = | 25-00 |

*ਹਸਪਤਾਲਾਂ ਦਾ ਸਮਾਂ:*

16 ਅਕਤੂਬਰ ਤੋਂ 15 ਅਪ੍ਰੈਲ ਤੱਕ ਸਵੇਰੇ 9.00 ਵਜੇ ਤੋਂ 3.00 ਸ਼ਾਮ ਤੱਕ

16 ਅਪ੍ਰੈਲ ਤੋਂ 15 ਅਕਤੂਬਰ ਤੱਕ ਸਵੇਰੇ 8.00 ਵਜੇ ਤੋਂ 2.00 ਸ਼ਾਮ ਤੱਕ

*ਨੋਟ: ਪੀਲਾ ਕਾਰਡ ਹੋਲਡਰ, ਸਰਕਾਰੀ ਮੁਲਾਜ਼ਮ/ਪੈਨਸ਼ਨਰ, ਰੋਡ ਐਕਸੀਡੈਂਟ ਆਦਿ ਨੂੰ ਮੁਫ਼ਤ ਇਲਾਜ ਦੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ।*

## ਸਹਾਇਕ ਸਿਵਲ ਸਰਜਨ, ਮਾਨਸਾ ਦੀਆਂ ਸਰਕਾਰੀ ਡਿਊਟੀਆਂ ਸੰਬੰਧੀ:

## ਮੈਡੀਕਲ ਮੁਆਇਨੇ ਬਾਰੇ :-

ਕਿਸੇ ਸਰਕਾਰੀ ਵਿਭਾਗ ਵਿੱਚ ਚੋਣ ਉਪਰੰਤ ਉਮੀਦਵਾਰ ਨੂੰ ਡਿਊਟੀ ਤੇ ਹਾਜ਼ਰ ਹੋਣ ਤੋਂ ਪਹਿਲਾਂ ਮੈਡੀਕਲ ਫਿਟਨੈਸ ਸਰਟੀਫਿਕੇਟ ਲੈਣਾ ਜ਼ਰੂਰੀ ਹੁੰਦਾ ਹੈ ਜਿਹੜਾ ਕਿ ਸਿਵਲ ਸਰਜਨ ਦਫ਼ਤਰ ਤੋਂ ਹਰ ਸੋਮਵਾਰ ਤੇ ਵੀਰਵਾਰ ਜਾਰੀ ਕੀਤਾ ਜਾਂਦਾ ਹੈ। ਮੈਡੀਕਲ ਫਿਟਨੈਸ ਦਾ ਸਰਟੀਫਿਕੇਟ ਲੈਣ ਦਾ ਢੰਗ ਹੇਠ ਲਿਖੇ ਅਨੁਸਾਰ ਹੈ :-

1. ਉਮੀਦਵਾਰ ਨੂੰ ਆਪਣੇ ਨਿਯੁਕਤੀ ਪੱਤਰ ਦੀ ਕਾਪੀ ਜੋ ਸਿਵਲ ਸਰਜਨ ਨੂੰ ਵੀ ਸਬੰਧਤ ਹੁੰਦੀ ਹੈ, ਦਫ਼ਤਰ ਵਿੱਚ ਦੇਣੀ ਪੈਂਦੀ ਹੈ ਅਤੇ ਨਾਲ ਹੀ ਉਸ ਨੂੰ ਆਪਣੀਆਂ ਤਿੰਨ ਬਿਨਾਂ ਤਸਦੀਕ ਕੀਤੀਆਂ ਪਾਸਪੋਰਟ ਸਾਈਜ਼ ਫੋਟੋਆਂ ਅਤੇ ਜਨਮ ਮਿਤੀ ਦੇ ਸਬੂਤ ਵਜੋਂ ਸਰਟੀਫਿਕੇਟ ਦੀ ਨਕਲ ਡੀਲਿੰਗ ਕਲਰਕ ਦਫਤਰ ਸਿਵਲ ਸਰਜਨ ਮਾਨਸਾ ਨੂੰ ਸਵੇਰੇ ਗਿਆਰਾਂ ਵਜੇ ਤੱਕ ਦੇਣੀ ਪੈਂਦੀ ਹੈ। ਉਮੀਦਵਾਰ ਨੂੰ ਨਿਰਧਾਰਤ ਫੀਸ ਖਜਾਨਚੀ, ਦਫ਼ਤਰ ਸਿਵਲ ਸਰਜਨ, ਮਾਨਸਾ ਪਾਸ ਜਮ੍ਹਾਂ ਕਰਵਾਉਣੀ ਪੈਂਦੀ ਹੈ।
2. ਉਮੀਦਵਾਰ ਨੂੰ ਛਾਤੀ ਦੇ ਐਕਸਰੇ/ਸਕਰੀਨਿੰਗ ਵਾਸਤੇ ਸਿਵਲ ਹਸਪਤਾਲ, ਮਾਨਸਾ ਵਿਖੇ ਜਾਣਾ ਪੈਂਦਾ ਹੈ , ਜੇਕਰ ਉਮੀਦਵਾਰ ਲੜਕੀ ਹੈ ਤਾਂ ਉਸ ਦੀ ਜਾਂਚ ਇਸਤਰੀ ਡਾਕਟਰ, ਸਿਵਲ ਹਸਪਤਾਲ, ਮਾਨਸਾ ਤੋਂ ਕਰਵਾਉਣੀ ਪੈਂਦੀ ਹੈ।
3. ਉਕਤ ਜਾਂਚ ਉਪਰੰਤ ਸਾਰਾ ਕੇਸ ਡੀਲਿੰਗ ਕਲਰਕ ਦਫਤਰ ਸਿਵਲ ਸਰਜਨ ਮਾਨਸਾ ਨੂੰ ਸੌਂਪਣਾ ਪੈਂਦਾ ਹੈ ਜੋ ਸਾਰੇ ਕੇਸ ਇਕੱਠੇ ਕਰਕੇ ਸਹਾਇਕ ਸਿਵਲ ਸਰਜਨ/ਸਿਵਲ ਸਰਜਨ ਪਾਸ ਪੇਸ਼ ਕਰਦਾ ਹੈ। ਸਬੰਧਤ ਅਧਿਕਾਰੀ ਉਮੀਦਵਾਰ ਨੂੰ ਹਰ ਪੱਖੋਂ ਚੈੱਕ ਕਰਦੇ ਹਨ। ਜੇਕਰ ਉਮੀਦਵਾਰ ਵਿੱਚ ਕੋਈ ਨੁਕਸ ਹੋਵੇ ਤਾਂ ਕੇਸ ਸਬੰਧਤ ਮਾਹਿਰ, ਸਿਵਲ ਹਸਪਤਾਲ ਮਾਨਸਾ ਨੂੰ ਰੈਫਰ ਕੀਤਾ ਜਾਂਦਾ ਹੈ। ਜੇਕਰ ਉਮੀਦਵਾਰ ਫਿੱਟ ਹੋਵੇ ਤਾਂ ਅਧਿਕਾਰੀ ਵੱਲੋਂ ਫਿੱਟਨੈੱਸ ਸਰਟੀਫਿਕੇਟ ਆਪਣੇ ਦਸਤਖਤਾਂ ਤੇ ਮਿਤੀ ਸਹਿਤ ਉਮੀਦਵਾਰਾਂ ਦੇ ਦਸਤਖਤ ਲੈ ਕੇ ਜਾਰੀ ਕੀਤਾ ਜਾਂਦਾ ਹੈ।
4. ਮੈਡੀਕਲ ਫਿੱਟਨੈੱਸ ਸਰਟੀਫਿਕੇਟ ਲੈਣ ਲਈ ਮੈਡੀਕਲ ਫੀਸ ਦਾ ਵੇਰਵਾ ਹੇਠਾਂ ਦਿੱਤਾ ਜਾਂਦਾ ਹੈ।

   (ੳ) ਨਾਨ ਗਜਟਡ ਮੁਲਾਜ਼ਮ ਦਰਜ਼ਾ ਤਿੰਨ ਪੰਜਾਬ ਸਰਕਾਰ

   (ਅ) ਨਾਨ ਗਜਟਡ ਮੁਲਾਜ਼ਮ ਕੇਂਦਰ ਸਰਕਾਰ

   (ੲ) ਮੁਲਾਜ਼ਮ ਦਰਜਾ ਚਾਰ ਪੰਜਾਬ ਸਰਕਾਰ

   (ਸ) ਦਰਜਾ ਚਾਰ ਮੁਲਾਜ਼ਮ ਕੇਂਦਰ ਸਰਕਾਰ/ਅਰਧ ਸਰਕਾਰੀ

   (ਹ) ਅਨੂਸੂਚਿਤ ਜਾਤੀ ਦੇ ਉਮੀਦਵਾਰ ਨੂੰ ਜਾਤੀ ਸਰਟੀਫਿਕੇਟ ਦੀ ਕਾਪੀ ਦੇਣੀ ਪੈਂਦੀ ਹੈ।

## ਅਪੰਗ ਹੋਣ ਦਾ ਸਰਟੀਫਿਕੇਟ ਜਾਰੀ ਕਰਨ ਬਾਰੇ:-

ਸਾਦੇ ਕਾਗਜ ਤੇ ਅਪੰਗ ਵਿਅਕਤੀਆਂ ਵੱਲੋਂ ਅਰਜੀ ਸਮੇਤ 32/- ਰੁ: ਫੀਸ ਦੇ ਜੋ ਕਿ ਇਸ ਦਫ਼ਤਰ ਵਿਖੇ ਖਜਾਨਚੀ ਕੋਲ ਜਮ੍ਹਾਂ ਕਰਵਾਏ ਜਾਂਦੇ ਹਨ, ਖਜਾਨਚੀ ਰਸੀਦ ਦੇ ਦਿੰਦਾ ਹੈ। ਬਿਨੈਕਾਰ ਨੂੰ ਦੋ ਫੋਟੋਆਂ ਇਸ ਦਫ਼ਤਰ ਵਿਖੇ ਦੇਣੀਆਂ ਪੈਂਦੀਆਂ ਹਨ। ਪ੍ਰਾਰਥੀ ਨੂੰ ਮੁੱਖ ਹੱਡੀਆਂ ਦਾ ਵਿਭਾਗ ਜਾਂ ਮੁਖੀ ਅੱਖਾਂ ਦਾ ਵਿਭਾਗ ਜਾਂ ਜਿਸ ਨਾਲ ਵੀ ਸਬੰਧਤ ਹੋਵੇ ਮੈਡੀਕਲ ਕਾਲਜ ਕੋਲ ਨਿਰੀਖਣ ਲਈ ਭੇਜ ਦਿੱਤਾ ਜਾਂਦਾ ਹੈ। ਸਬੰਧਤ ਵਿਭਾਗ ਦੇ ਮੁਖੀ ਜਾਂ ਮੈਡੀਕਲ ਕਾਲਜ, ਅੰਮ੍ਰਿਤਸਰ ਵੱਲੋਂ ਕੀਤੀ ਰਿਪੋਰਟ ਦੇ ਬਾਅਦ ਸਿਵਲ ਸਰਜਨ, ਮਾਨਸਾ ਦਫ਼ਤਰ ਵਿਖੇ ਪ੍ਰਾਰਥੀ ਇਹ ਲੈ ਕੇ ਆਉਂਦਾ ਹੈ, ਜਿਸ ਦੇ ਅਧਾਰ ਤੇ ਪ੍ਰਾਰਥੀ ਨੂੰ ਇਸ ਦਫ਼ਤਰ ਵਿੱਚੋਂ ਸਰਟੀਫਿਕੇਟ ਨਿਰਧਾਰਤ ਫਾਰਮ ਤੇ ਜਾਰੀ ਕਰ ਦਿੱਤਾ ਜਾਂਦਾ ਹੈ। ਇਸ ਦਫ਼ਤਰ ਵਿਖੇ ਹਰ ਸੋਮਵਾਰ ਤੇ ਵੀਰਵਾਰ ਦੇ ਦਿਨ ਇਸ ਕੰਮ ਲਈ ਨਿਸ਼ਚਿਤ ਹੋਏ ਹਨ।

1. ਮੈਡੀਕਲ ਮੁਆਇਨੇ ਕਰਨ ਸੰਬੰਧੀ (ਸਰਕਾਰੀ ਨੌਕਰੀ ਵਿੱਚ ਪਹਿਲੀ ਐਂਟਰੀ ਸੰਬੰਧੀ) ਅਤੇ ਮੈਡੀਕਲ ਬਿਲਾਂ ਨੂੰ ਡੀਲ ਕਰਨਾ।
2. ਇੰਚਾਰਜ ਮੈਡੀਸਨ ਸਟੋਰ ਆਫ਼ ਦਫ਼ਤਰ ਸਿਵਲ ਸਰਜਨ, ਮਾਨਸਾ
3. ਇੰਚਾਰਜ ਲੋਕਲ ਐਡਮਿਨਿਸਟ੍ਰੇਸ਼ਨ ਦਫ਼ਤਰ ਸਿਵਲ ਸਰਜਨ, ਮਾਨਸਾ
4. ਇੰਨਕਵਾਈਰਿਜ ਆਫ਼ ਸਟਾਫ਼ ਜੋ ਸਿਵਲ ਸਰਜਨ ਵੱਲੋਂ ਦਿੱਤੀ ਜਾਂਦੀ ਹੈ।
5. ਕੋਈ ਦੂਸਰੀ ਡਿਊਟੀ ਸਿਵਲ ਸਰਜਨ ਵੱਲੋਂ ਸਮੇਂ ਸਮੇਂ ਸਿਰ ਲਗਾਈ ਜਾਂਦੀ ਹੈ।

## *ਡੀ.ਐਚ.ਓ. ਮਾਨਸਾ ਦੀਆਂ ਡਿਊਟੀਆਂ ਸੰਬੰਧੀ:-*

### *ਜਨਮ/ਮੌਤ ਦਾ ਸਰਟੀਫਿਕੇਟ ਜਾਰੀ ਕਰਨ ਬਾਰੇ:-*

ਜਨਮ/ਮੌਤ ਦਾ ਸਰਟੀਫਿਕੇਟ ਲੈਣ ਲਈ ਪ੍ਰਾਰਥੀ ਨੂੰ ਪ੍ਰੋਫਾਰਮੇ ਤੇ ਇੱਕ ਅਰਜ਼ੀ ਦੇਣੀ ਪੈਂਦੀ ਹੈ, ਜਿਸ ਦਾ ਨਮੂਨਾ ਦਫ਼ਤਰ ਦੇ ਨੋਟਿਸ ਬੋਰਡ ਤੇ ਛਪਵਾ ਕੇ ਰੱਖਿਆ ਹੈ, ਹੇਠ ਲਿਖੇ ਅਨੁਸਾਰ ਲੋੜੀਂਦੀ ਫੀਸ ਦਫ਼ਤਰ ਵਿਖੇ ਹੀ ਖਜਾਨਚੀ ਪਾਸ ਜਮ੍ਹਾਂ ਕਰਵਾ ਕੇ, ਰਸੀਦ ਲੈ ਕੇ ਅਰਜ਼ੀ ਨਾਲ ਨੱਥੀ ਕੀਤੀ ਜਾਂਦੀ ਹੈ। ਪ੍ਰਾਰਥੀ ਇਹ ਸਰਟੀਫਿਕੇਟ ਆਪਣੇ ਘਰ ਮੰਗਵਾਉਣਾ ਚਾਹੇ, ਤਾਂ ਅਰਜ਼ੀ ਨਾਲ ਰਜਿਸਟਰਡ/ ਯੂ.ਪੀ.ਸੀ. ਲਿਫਾਫਾ ਆਪਣਾ ਪੂਰਾ ਪਤਾ ਲਿਖ ਕੇ ਦਿੰਦਾ ਹੈ ਨਹੀਂ ਤਾਂ ਸੱਤ ਦਿਨਾਂ ਬਾਅਦ ਉਹ ਇਸ ਦਫ਼ਤਰ ਤੋਂ ਇਹ ਸਰਟੀਫਿਕੇਟ ਪ੍ਰਾਪਤ ਕਰ ਸਕਦਾ ਹੈ।

| | |
|---|---|
| ਇੱਕ ਸਾਲ ਦੇ ਰਿਕਾਰਡ ਦੀ ਤਲਾਸ਼ ਸੰਬੰਧੀ ਫੀਸ | 2/- |
| ਜਨਮ ਅਤੇ ਮੌਤ ਸੰਬੰਧੀ ਸਰਟੀਫਿਕੇਟ ਫੀਸ | 5/- |

(ਇਸ ਤਰ੍ਹਾਂ ਰਿਕਾਰਡ ਦੀ ਤਲਾਸ਼ ਅਤੇ ਸਰਟੀਫਿਕੇਟ ਦੇ 7-00 ਰੁਪੈ ਦੇਣੇ ਪੈਂਦੇ ਹਨ ਅਤੇ ਇਸ ਤੋਂ ਬਾਅਦ ਦੋ ਸਾਲ

ਲਈ ਪ੍ਰਤੀ ਸਾਲ 2.00 ਰੁਪਏ ਵੱਧ ਜਾਂਦਾ ਹੈ) ਇਹ ਸਰਟੀਫਿਕੇਟ ਸੱਤ ਦਿਨਾਂ ਦੇ ਅੰਦਰ ਦੇ ਦਿੱਤਾ ਜਾਂਦਾ ਹੈ ।

**ਲੇਟ ਜਨਮ/ਮੌਤ ਇੰਦਰਾਜ ਸੰਬੰਧੀ ਵੇਰਵਾ:-**

ਨਿਯਮ ਅਨੁਸਾਰ ਜਨਮ/ਮੌਤ ਦਾ ਅੰਦਰਾਜ 21 ਦਿਨਾਂ ਦੇ ਅੰਦਰ ਹੋਣਾ ਚਾਹੀਦਾ ਹੈ ਜੇਕਰ ਕਿਸੇ ਕਾਰਨ ਇਹ ਅੰਦਰਾਜ਼ 21 ਦਿਨਾਂ ਤੋਂ ਵੱਧ ਜਾਵੇ ਤਾਂ ਇਸ ਦਾ ਲੇਟ ਅੰਦਰਾਜ਼ 1-4-1970 ਤੋਂ ਪਹਿਲਾਂ ਦਾ ਨਹੀਂ ਹੋਣਾ ਚਾਹੀਦਾ ।

ਨਿਯਮ ਦੀ ਧਾਰਾ 10.1 ਦੇ ਅਧੀਨ 30 ਦਿਨਾਂ ਤੱਕ ਦਾ ਲੇਟ ਅੰਦਰਾਜ਼ ਲੋਕਲ ਰਜਿਸਟਰਾਰ ਜਨਮ ਅਤੇ ਮੌਤ ਆਪਣੇ ਪੱਧਰ ਤੇ 2/- ਰੁਪੈ ਲੇਟ ਫੀਸ ਨਾਲ ਕਰ ਸਕਦਾ ਹੈ ।

ਨਿਯਮ ਦੀ ਧਾਰਾ 10.2 ਦੇ ਅਧੀਨ ਇੱਕ ਸਾਲ ਤੱਕ ਦਾ ਲੇਟ ਅੰਦਰਾਜ਼ ਲੋਕਲ ਰਜਿਸਟਰਾਰ ਜਨਮ ਅਤੇ ਮੌਤ (ਸਿਵਲ ਸਰਜਨ) 5/- ਰੁਪੈ ਲੇਟ ਫੀਸ ਅਤੇ 15/- ਰੁਪੈ ਬਿਆਨ ਹਲਫੀਆ ਨਾਲ ਜਿਹੜਾ ਕਾਰਜਕਾਰੀ ਮੈਜਿਸਟ੍ਰੇਟ ਤੋਂ ਤਸਦੀਕ ਹੋਵੇ, ਕਰ ਸਕਦਾ ਹੈ ।

ਨਿਯਮ ਦੀ ਧਾਰਾ 10.3 ਦੇ ਅਧੀਨ ਇੱਕ ਸਾਲ ਤੋਂ ਵੱਧ ਦਾ ਹੋਵੇ ਪਰ ਉਹ 1/4/70 ਤੋਂ ਪਹਿਲਾਂ ਦਾ ਨਾਂ ਹੋਵੇ 10/- ਰੁਪੈ ਲੇਟ ਫੀਸ ਅਤੇ 15/- ਰੁਪੈ ਹਲਫੀਆ ਬਿਆਨ ਨਾਲ, ਜਿਹੜਾ ਕਾਰਜਕਾਰੀ ਮੈਜਿਸਟ੍ਰੇਟ ਤੋਂ ਤਸਦੀਕ ਹੋਵੇ, ਸਬੰਧਤ ਇਲਾਕੇ ਦੇ ਉਪ ਮੰਡਲ ਮੈਜਿਸਟ੍ਰੇਟ (ਸਿਵਲ) ਦੀ ਮਨਜ਼ੂਰੀ ਨਾਲ ਹੁੰਦਾ ਹੈ । ਜਿਸ ਬਾਰੇ ਉਹ ਲੋੜੀਂਦੀ ਪੜਤਾਲ ਆਪਣੇ ਖੇਤਰੀ ਅਮਲੇ ਰਾਹੀਂ ਕਰਵਾਉਣ ਤੋਂ ਬਾਅਦ ਹੁਕਮ ਕਰਦੇ ਹਨ ।

***ਏਡਜ਼:-***

ਪੰਜਾਬ ਏਡਜ਼ ਕੰਟਰੋਲ ਦੀਆਂ ਹਦਾਇਤਾਂ ਅਨੁਸਾਰ ਪੈਰਾ ਮੈਡੀਕਲ ਅਫ਼ਸਰ ਅਤੇ ਸਟਾਫ਼ ਨੂੰ ਏਡਜ਼ ਸੰਬੰਧੀ ਜਾਣਕਾਰੀ ਦਿੱਤੀ ਜਾਂਦੀ ਹੈ । VCCTC, STD ਅਤੇ ਹੋਰ ਏਡਜ਼ ਸੰਬੰਧੀ ਏਡਡ ਕੈਂਪ ਲਾਕੇ ਏਡਜ਼ ਦੇ ਬਚਾਉ ਸੰਬੰਧੀ ਹਰ ਤਰ੍ਹਾਂ ਦੀ ਜਾਣਕਾਰੀ ਦਿੱਤੀ ਜਾਂਦੀ ਹੈ ।

***ਪਿਉਰ ਫੂਡ ਐਕਟ:-***

1954 ਦੇ ਲੋਕਲ ਹੈਲਥ ਆਥਰਟੀ ਦੀ ਅਗਵਾਈ ਹੇਠ ਪੀ.ਐਫ.ਓ. ਅਧੀਨ ਚੀਜ਼ਾਂ ਦੇ ਨਮੂਨੇ ਭਰਕੇ ਡਿਪਾਰਟਮੈਂਟ ਦੀਆਂ ਹਦਾਇਤਾਂ ਅਨੁਸਾਰ ਲੈਬਾਰਟਰੀ ਨੂੰ ਭੇਜੇ ਜਾਂਦੇ ਹਨ ਅਤੇ ਪਿਉਰ ਫੂਡ ਦੀਆਂ ਦੁਕਾਨਾਂ ਉਪਰ ਅਚਨਚੇਤ ਛਾਪੇ ਮਾਰੇ ਜਾਂਦੇ ਹਨ ।

***ਅੰਕੜਾ ਸੰਬੰਧੀ ਰਿਪੋਰਟ:-***

ਜ਼ਿਲ੍ਹੇ ਦੇ ਸਾਰੇ ਸਰਕਾਰੀ ਹਸਪਤਾਲਾਂ, ਡਿਸਪੈਂਸਰੀਆਂ, ਪੀ.ਐਚ.ਸੀ. ਤੋਂ ਰਿਪੋਰਟਾਂ ਪ੍ਰਾਪਤ ਕਰਕੇ ਡਾਇਰੈਕਟਰ ਹੈਲਥ ਸਰਵਿਸਜ਼ ਅਤੇ ਦਿੱਲੀ ਨੂੰ ਭੇਜੀਆਂ ਜਾਂਦੀਆਂ ਹਨ ।

## *ਵਾਟਰ ਸੈਂਪਲਿੰਗ :-*

ਵੱਖ-ਵੱਖ ਸ਼ਹਿਰਾਂ ਅਤੇ ਪਿੰਡਾਂ ਦੇ ਵਾਟਰ ਵਰਕਸ ਅਤੇ ਪਾਣੀ ਦੇ ਸਾਰੇ ਸੋਮਿਆਂ ਦੇ ਪਾਣੀ ਦੇ ਸੈਂਪਲ ਲੈਕੇ ਸੰਬੰਧਤ ਲੈਬਾਰਟਰੀ ਨੂੰ ਭੇਜੇ ਜਾਂਦੇ ਹਨ। ਤਾਂ ਕਿ ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਤੋਂ ਰੋਕਥਾਮ ਕੀਤੀ ਜਾ ਸਕੇ।

## *ਸਰਵੇ ਸੰਬੰਧੀ:-*

ਦਿਹਾਤੀ ਖੇਤਰ ਅਤੇ ਸ਼ਹਿਰੀ ਖੇਤਰ ਵਿੱਚ ਬਿਮਾਰੀ ਫੈਲਣ ਤੇ ਘਰ-ਘਰ ਜਾਕੇ ਸਰਵੇ ਕਰਵਾਇਆ ਜਾਂਦਾ ਹੈ ਅਤੇ ਲੋਕਾਂ ਨੂੰ ਹੈਲਥ ਕੈਂਪ ਅਤੇ ਮੈਡੀਕਲ ਕੈਂਪ ਲਾਕੇ ਬਿਮਾਰੀਆਂ ਪ੍ਰਤੀ ਜਾਗਰੂਕ ਕੀਤਾ ਜਾਂਦਾ ਹੈ।

## *ਜ਼ਿਲ੍ਹਾ ਕੈਂਸਰ ਕੰਟਰੋਲ ਪ੍ਰੋਗਰਾਮ:-*

ਕੈਂਸਰ ਵਾਲੇ ਲੋਕਾਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ। ਮਰੀਜ਼ਾਂ ਦੀ ਪਹਿਚਾਣ ਕਰਕੇ ਜਲਦੀ ਇਲਾਜ਼ ਲਈ ਜਾਗਰੂਕ ਕੀਤਾ ਜਾਂਦਾ ਹੈ।

## *ਸੁਪਰਵੀਜ਼ਨ:-*

ਸਿਵਲ ਸਰਜਨ ਦੀਆਂ ਹਦਾਇਤਾਂ ਦੇ ਅਨੁਸਾਰ ਜ਼ਿਲ੍ਹੇ ਦੇ ਸਾਰੇ ਸਟਾਫ਼ ਦੀ ਸੁਪਰਵੀਜ਼ਨ ਉਸ ਦੇ ਅਧੀਨ ਕੰਮ ਕਰਦੇ ਕਰਮਚਾਰੀਆਂ ਦੀਆਂ ਗੁਪਤ ਰਿਪੋਰਟਾਂ ਤੇ ਹੋਰ ਜੋ ਵੀ ਆਦੇਸ਼ ਉਚ ਅਧਿਕਾਰੀਆਂ ਵੱਲੋਂ ਦਿੱਤੇ ਜਾਂਦੇ ਹਨ ਉਨ੍ਹਾਂ ਦੀ ਪਾਲਣਾ ਕੀਤੀ ਜਾਂਦੀ ਹੈ।

## *ਡੀ.ਐਫ.ਪੀ.ਓ. ਮਾਨਸਾ ਦੀਆਂ ਡਿਊਟੀਆਂ ਸੰਬੰਧੀ:-*

1. ਪੀ.ਐਨ.ਡੀ.ਟੀ. ਐਕਟ:-

ਪੀ.ਐਨ.ਡੀ.ਟੀ. ਐਕਟ ਅਧੀਨ ਸਾਰੇ ਜ਼ਿਲ੍ਹੇ ਦੇ ਅਲਟਰਾਸਾਊਂਡ ਸੈਂਟਰ ਰਜਿਸਟਰ ਕੀਤੇ ਹੋਏ ਹਨ ਅਤੇ ਰੈਗੂਲਰ ਚੈਕਿੰਗ ਕੀਤੀ ਜਾਂਦੀ ਹੈ। ਮਾਨਸਾ ਜ਼ਿਲ੍ਹੇ ਵਿੱਚ ਕੁੱਲ 18 ਸੈਂਟਰ ਹਨ ਅਤੇ ਹੁਣ 13 ਚੱਲ ਰਹੇ ਹਨ। ਇਸ ਐਕਟ ਨੂੰ ਲਾਗੂ ਕਰਨ ਲਈ ਅਤੇ Sex Ratio ਨੂੰ ਠੀਕ ਰੱਖਣ ਲਈ Awareness ਕੈਂਪ ਲਗਾਏ ਜਾਂਦੇ ਹਨ ਅਤੇ ਸਕੂਲਾਂ ਵਿੱਚ ਵੀ ਕੰਪੀਟੀਸ਼ਨ ਕਰਵਾਏ ਜਾਂਦੇ ਹਨ।

2. ***National Maternity Benefit Scheme:-***

ਇਹ ਸਕੀਮ ਜ਼ਿਲ੍ਹੇ ਵਿੱਚ ਚਲ ਰਹੀ ਹੈ ਅਤੇ ਗਰਭਵਤੀ ਮਾਵਾਂ ਜੋ ਪਾਵਰਟੀ ਲਾਈਨ ਤੋਂ ਹੇਠਾਂ ਹੁੰਦੀਆਂ ਹਨ ਨੂੰ 500 ਰੁਪਏ ਦਿੱਤੇ ਜਾ ਰਹੇ ਹਨ। ਹੁਣ ਤੱਕ 181 ਲਾਭਪਾਤਰੀ ਲਾਭ ਉਠਾ ਚੁੱਕੇ ਹਨ।

3. ***Institutional Deliveries:-***

ਇਸ ਜ਼ਿਲ੍ਹੇ ਵਿੱਚ ਜੋਗੇ ਵਿਖੇ RCH ਸਕੀਮ ਅਧੀਨ ਇੱਕ ਸਟਾਫ਼ ਨਰਸ ਕੰਮ ਕਰ ਰਹੀ ਹੈ ਅਤੇ ਉਹ **62 Institutional Deliveries** ਕਰ ਚੁੱਕੀ ਹੈ।

4. ਜਨਮਾਂ ਵਿਚਕਾਰ ਘੱਟੋ ਘੱਟ ਤਿੰਨ ਸਾਲ ਵਿੱਥ ਹੋਣੀ ਚਾਹੀਂਦੀ ਹੈ। ਇਸ ਲਈ ਨਿਰੋਧ, ਖਾਣ ਵਾਲੀਆਂ ਦਵਾਈਆਂ, ਕਾਪਰ-ਟੀ ਦੀ ਮੁਫ਼ਤ ਵਿਵਸਥਾ ਹੈ।

5. ਜੇਕਰ ਬੱਚੇ ਦੀ ਹੋਰ ਲੋੜ ਨਾ ਹੋਵੇ ਤਾਂ ਔਰਤਾਂ ਲਈ ਨਲਬੰਦੀ ਅਪ੍ਰੇਸ਼ਨ ਅਤੇ ਮਰਦਾਂ ਲਈ ਨਸਬੰਦੀ ਵਿਸੇਸ਼ ਕਰਕੇ ਚੀਰਾ ਰਹਿਤ ਨਸਬੰਦੀ ਅਪ੍ਰੇਸ਼ਨ ਦੀ ਸੇਵਾ ਮੁਫ਼ਤ ਕੀਤੀ ਜਾਂਦੀ ਹੈ । ਇਸ ਤੋਂ ਇਲਾਵਾ ਨਸਬੰਦੀ ਕਰਾਉਣ ਵਾਲੇ ਮੁਲਾਜ਼ਮ ਨੂੰ 6 ਕੰਮ ਵਾਲੇ ਦਿਨਾਂ ਦੀ ਅਤੇ ਨਸਬੰਦੀ ਕਰਾਉਣ ਵਾਲੀ ਔਰਤ ਨੂੰ 14 ਦਿਨ ਦੀ ਛੁੱਟੀ ਅਤੇ ਦੇਖਭਾਲ ਲਈ ਉਸ ਦੇ ਮੁਲਾਜ਼ਮ ਪਤੀ ਨੂੰ 7 ਦਿਨਾਂ ਦੀ ਛੁੱਟੀ ਦਿੱਤੀ ਜਾਂਦੀ ਹੈ ।

6. ਐਮ.ਟੀ.ਪੀ. ਦੀਆਂ ਸੇਵਾਵਾਂ ਜੋ ਸ਼ਰਤਾਂ ਲਾਗੂ ਹਨ ਉਹਨਾਂ ਅਨੁਸਾਰ ਦਿੱਤੀਆਂ ਜਾਂਦੀਆਂ ਹਨ ।

ਪ੍ਰਜਣਨ ਅੰਗਾਂ ਦੇ ਵਿਸੇਸ਼ ਭਾਗ ਦੀ ਲਾਗ (ਐਸ.ਟੀ.ਡੀ.) ਤੋਂ ਬਚਾਅ ਅਤੇ ਇਲਾਜ ਲਈ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ ।

## *ਸਹਾਇਕ ਕੰਟਰੋਲ (ਵਿੱਤ ਅਤੇ ਲੇਖਾ) ਮਾਨਸਾ ਦੀਆਂ ਡਿਊਟੀਆਂ ਸੰਬੰਧੀ :-*

### *ਡੀ.ਡੀ.ਓ. ਦੀਆਂ ਪਾਵਰਾਂ ਹੇਠ ਲਿਖੀਆਂ ਹਨ :-*

**2210** ਮੈਡੀਕਲ ਅਤੇ ਪਬਲਿਕ ਹੈਲਥ

**2211** ਹੈਲਥ ਅਤੇ ਪਰਿਵਾਰ ਭਲਾਈ

**2235** ਸਮਾਜਿਕ ਸੁਰੱਖਿਆ

**0021** ਇਨਕਮ ਟੈਕਸ

**8658** ਸਸਪੈਂਸ

**8011** ਜੀ.ਆਈ.ਐਸ.

**8009** ਜੀ.ਪੀ.ਐਫ.

## ਸਹਾਇਕ ਜ਼ਿਲ੍ਹਾ ਸਮੂਹ ਸਿੱਖਿਆ ਅਤੇ ਸੂਚਨਾ ਅਫਸਰ, ਮਾਨਸਾ ਦੀਆਂ ਡਿਊਟੀਆਂ ਸੰਬੰਧੀ:-

### ਸੂਚਨਾ ਸਿੱਖਿਆ ਅਤੇ ਸੰਚਾਰ ਸਰਗਰਮੀਆਂ

ਸਮੇਂ ਸਮੇਂ ਸਿਰ ਮੌਸਮ ਦੇ ਹਿਸਾਬ ਨਾਲ ਹੋਣ ਵਾਲੀਆਂ ਬਿਮਾਰੀਆਂ ਅਤੇ ਉਹਨਾਂ ਦੇ ਬਚਾਓ ਲਈ ਸਰਕਾਰ ਵਲੋਂ ਨਿਰਧਾਰਿਤ ਦਿਸ਼ਾ ਨਿਰਦੇਸ਼ਾਂ ਅਨੁਸਾਰ ਲੋਕਾਂ ਨੂੰ ਸਿਹਤ ਸਮੱਸਿਆਵਾਂ ਬਾਰੇ ਜਾਗਰੂਕ ਕੀਤਾ ਜਾਂਦਾ ਹੈ । ਜਿਸ ਸਬੰਧ ਵਿੱਚ ਉਪੀਨੀਅਨ ਲੀਡਰ ਕੈਂਪ, ਨੁਮਾਇਸ਼, ਲੈਕਚਰ ਅਤੇ ਵਿਸੇਸ਼ ਮੁਕਾਬਲਿਆਂ ਦਾ ਪ੍ਰਬੰਧ ਕੀਤਾ ਜਾਂਦਾ ਹੈ । ਸਿਹਤ ਸਿੱਖਿਆ ਅਧੀਨ ਏਡਜ਼, ਪਰਿਵਾਰ ਭਲਾਈ, ਟੀ.ਬੀ.ਕੰਟਰੋਲ, ਜਨਮ/ਮੌਤ ਦੀ ਰਜਿਸਟਰੇਸ਼ਨ, ਪਲਸ ਪੋਲਿਓ ਟੀਕਾਕਰਨ, ਨਿਊਟ੍ਰੀਸ਼ਨ ਅਤੇ ਸਿਹਤ ਆਦਿ ਦੇ ਕੌਮੀ ਪ੍ਰੋਗਰਾਮ ਬਾਰੇ ਟੈਲੀਵਿਜਨ/ਪਬਲਿਕ ਅਡਰੈਸਿਸ ਸਿਸਟਮਜ ਤੇ ਪ੍ਰਿੰਟਿੰਗ ਮੈਟੀਰਿਅਲ ਅਤੇ ਟਰੇਨਿੰਗ ਰਾਹੀਂ ਲੋਕਾਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ ।

### ਡਰੱਗਜ ਲਾਇਸੈਂਸ ਬਣਾਉਣ ਦੀ ਵਿਧੀ:-

ਕੋਈ ਵੀ ਵਿਅਕਤੀ ਜਿਸ ਨੇ ਡਿਪਲੋਮਾ ਇਨ ਫਾਰਮੇਸੀ ਕੀਤਾ ਹੋਵੇ ਜਾਂ ਜਿਸ ਨੇ ਅਜਿਹੇ ਵਿਅਕਤੀ ਦੀਆ ਸੇਵਾਵਾਂ ਲਈਆਂ ਹੋਣ, ਪ੍ਰਚੂਨ ਦਵਾਈਆਂ ਦੇ ਲਾਇਸੰਸ (ਡਰੱਗਜ਼ ਲਾਇਸੰਸ) ਲਈ ਅਰਜ਼ੀ ਦੇ ਸਕਦਾ ਹੈ ।

*ਵਿਧੀ ਦਾ ਵੇਰਵਾ:-*

1. ਨਿਰਧਾਰਤ ਪ੍ਰੋਫਾਰਮੇ ਤੇ ਅਰਜ਼ੀ ।
2. 3000/- ਰੁਪੈ ਦਾ ਚਲਾਨ ਫਾਰਮ ।
3. ਦੁਕਾਨ ਦੇ ਮਾਲਕ ਤੇ ਕਰਮਚਾਰੀਆਂ ਦੋਹਾਂ ਵੱਲੋਂ 15/- ਰੁਪੈ ਦੇ ਅਸ਼ਟਾਮ ਪੇਪਰ ਤੇ ਨਿਰਧਾਰਤ ਹਲਫੀਆ ਬਿਆਨ (ਤਸਦੀਕ ਸ਼ੁਦਾ)
4. ਦੁਕਾਨ ਦਾ ਨਕਸ਼ਾ ।
5. ਡੀ-ਫਾਰਮੇਸੀ ਕੀਤੇ ਵਿਅਕਤੀ ਦਾ ਪਹਿਚਾਣ-ਪੱਤਰ ।
6. ਮਾਲਕੀ ਲਿਖਤ, ਜੇ ਮਾਲਕ ਹੋਵੇ ਅਤੇ ਜੇਕਰ ਦੁਕਾਨ ਕਿਰਾਏ ਤੇ ਹੋਵੇ ਤਾਂ ਕਿਰਾਇਆਨਾਮੇ ਦੀ ਤਸਦੀਕ ਨਕਲ ।
7. ਰੈਫਰੀਜੇਟਰ ਦਾ ਮੇਕ ਅਤੇ ਚੈਸੀ ਨੰਬਰ ।
8. ਪੰਜਾਬ ਫਾਰਮੇਸੀ ਕੌਂਸਲ ਦੇ ਰਜਿਸਟ੍ਰੇਸ਼ਨ ਸਰਟੀਫਿਕੇਟ ਦੀ ਤਸਦੀਕ ਸ਼ੁਦਾ ਨਕਲ ।

ਇਹ ਸਾਰੇ ਕਾਗਜ਼ ਅਰਜ਼ੀ ਨਾਲ ਲਗਾ ਕੇ ਡਰੱਗਜ ਇੰਸਪੈਕਟਰ ਦੇ ਦਫ਼ਤਰ ਵਿੱਚ ਦੇਣੇ ਹੁੰਦੇ ਹਨ । ਅਰਜ਼ੀ ਆਉਣ ਤੇ ਡਰੱਗਜ ਇੰਸਪੈਕਟਰ ਦੁਕਾਨ ਦੇ ਮੁਆਇਨੇ ਲਈ ਜਾਂਦਾ ਹੈ । ਦੁਕਾਨ ਦੀ ਇੰਸਪੈਕਸ਼ਨ ਕਰਨ ਉਪਰੰਤ ਸਾਰੇ ਕਾਗਜ਼ਾਤ ਅਤੇ ਆਪਣੀ ਇੰਸਪੈਕਸ਼ਨ ਰਿਪੋਰਟ ਟਿੱਪਣੀ ਸਹਿਤ ਲਾਇਸੰਸਿੰਗ ਅਥਾਰਟੀ (ਸਟੇਟ ਡਰੱਗਜ਼ ਕੰਟਰੋਲ, ਪੰਜਾਬ (ਚੰਡੀਗੜ੍ਹ) ਨੂੰ ਜ਼ਿਲ੍ਹਾ ਡਰੱਗਜ ਇੰਸਪੈਕਟਰ ਵੱਲੋਂ ਭੇਜੇ ਜਾਂਦੇ ਹਨ ਅਤੇ ਫਿਰ ਲਾਇਸੰਸਿੰਗ ਅਥਾਰਟੀ ਵੱਲੋਂ ਲਾਇਸੰਸ ਜਾਰੀ ਕੀਤਾ ਜਾਂਦਾ ਹੈ ।

## *ਡਰੱਗਜ ਬਰਾਂਚ :-*

**ਦਾ ਸਿਗਰਟ ਐਂਡ ਅਦਰ ਟੂਬੈਲੋ ਪਰੋਡਕਟਸ ( ਪਰੋਰਬਿਸ਼ਨ ਆਫ ਅਡਵਰਟਾਈਜ਼ਮੈਂਟ ਐਂਡ ਰੈਗੂਲੇਸ਼ਨ ਟਰੇਡ ਉਫ ਕਮਰਸ ਪ੍ਰੋਡਕਸ਼ਨ ਸਪਲਾਈ ਡਿਸਟ੍ਰੀਬਿਊਸ਼ਨ ) ਐਕਟ 2003**

1. ਇਸ ਐਕਟ ਅਧੀਨ ਡਰੱਗ ਇੰਸਪੈਕਟਰ ਅਤੇ ਸੁਪਰਡੰਟ ਆਫ਼ ਪੁਲਿਸ ਜਾਂ ਉਸ ਦੀ ਤਰਫੋਂ ਸਬ ਇੰਸਪੈਕਟਰ ਨੋਟੀਫਾਈ ਕੀਤਾ ਗਿਆ ਹੈ ।
2. ਮਾਸ ਮੀਡੀਆ ਅਫਸਰ ਨੂੰ ਇਸ ਬਾਰੇ ਪ੍ਰਚਾਰ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ । ਇਹ ਐਕਟ ਹਲੇ ਹੋਂਦ ਵਿੱਚ ਆਇਆ ਹੈ ਤੇ ਸਮੇਂ ਮੁਤਾਬਿਕ ਐਕਟ ਅਧੀਨ ਕਾਰਵਾਈ ਕੀਤੀ ਜਾਵੇਗੀ ।
3. ਜ਼ਿਲ੍ਹਾ ਡਰੱਗ ਇੰਸਪੈਕਟਰ ਮਾਨਸਾ ਵੱਲੋਂ ਹਰ ਪਹਿਲੇ ਅੰਗਰੇਜੀ ਦਵਾਈਆਂ ਦੀ ਕੁਆਲਿਟੀ ਚੈਕ ਕਰਨ ਲਈ ਸੈਂਪਲ ਭੇਜੇ ਜਾਂਦੇ ਹਨ । ਜੋ ਕਿ ਟੈਸਟਿੰਗ ਲਈ ਚੰਡੀਗੜ੍ਹ ਨੂੰ ਭੇਜੇ ਜਾਂਦੇ ਹਨ । ਜਿਹੜੇ ਸੈਂਪਲ ਕੋਈ ਨਕਲੀ ਆ ਜਾਂਦੇ ਹਨ , ਉਹਨਾਂ ਦੇ ਕੇਸ ਮਾਨਯੋਗ ਸ਼੍ਰੀ ਸੀ.ਜੇ. ਐਮ. ਮਾਨਸਾ ਦੀ ਅਦਾਲਤ ਵਿੱਚ ਪ੍ਰੋਸੀਕਿਊਸ਼ਨ ਲਈ ਲਾਏ ਜਾਂਦੇ ਹਨ । ਦੁਕਾਨਾਂ ਤੇ ਚੈਕ ਕੀਤੀਆਂ ਰਿਪੋਰਟਾਂ ਸਟੇਟ ਡਰੱਗ ਕੰਟਰੋਲਰ ਪੰਜਾਬ ਚੰਡੀਗੜ੍ਹ ਨੂੰ ਭੇਜੇ ਜਾਂਦੇ ਹਨ ਉਨ੍ਹਾਂ ਵੱਲੋਂ ਡਰੱਗ ਐਂਡ ਕੋਸਮੈਟਿਕ ਐਕਟ 1940 ਅਤੇ ਰੂਲ 1945 ਤਹਿਤ ਕਾਰਵਾਈ ਕੀਤੀ ਜਾਂਦੀ ਹੈ । ਸਮੇਂ-ਸਮੇਂ ਸਿਰ ਸਿਵਲ ਸਰਜਨ ਜੋ ਵੀ ਹਦਾਇਤ ਦਿੰਦੇ ਹਨ ਉਸਦੀ ਪਾਲਣਾ ਕੀਤੀ ਜਾਂਦੀ ਹੈ । ਇਸ ਤੋਂ ਇਲਾਵਾ ਡਰੱਗ ਇੰਸਪੈਕਟਰ ਡਰੱਗ ਐਕਟ ਦੇ ਕੇਸਾਂ ਵਿੱਚ ਬਤੌਰ ਏ.ਪੀ.ਪੀ. ਵੀ ਕੇਸਾਂ ਦੀ ਪੈਰਵਾਈ ਕਰਨ ਲਈ ਕੰਮ ਕਰਦੇ ਹਨ ।

## *ਡੀ.ਟੀ.ਓ. ਮਾਨਸਾ ਦੀਆਂ ਡਿਊਟੀਆਂ ਸੰਬੰਧੀ :-*

**ਸੋਧਿਆ ਹੋਇਆ ਰਾਸ਼ਟਰੀ ਤਪਦਿਕ ਕੰਟਰੋਲ ਪ੍ਰੋਗਰਾਮ**

ਤਿੰਨ ਹਫ਼ਤੇ ਤੋਂ ਵੱਧ ਬਲਗਮ ਵਾਲੇ ਖਾਂਸੀ ਦੇ ਮਰੀਜ਼ ਮਾਈਕ੍ਰੋਸਕੋਪੀ ਸੈਂਟਰ ਤੇ ਸਬ ਸੈਂਟਰੀ ਡਿਸਪੈਂਸਰੀ ਅਤੇ ਹਸਪਤਾਲਾਂ ਤੋਂ ਰੈਫਰ ਕੀਤੇ ਜਾਂਦੇ ਹਨ । ਮਰੀਜ਼ ਸਿੱਧਾ ਵੀ ਬਲਗਮ ਦੀ ਜਾਂਚ ਲਈ ਮਾਈਕ੍ਰੋਸਕੋਪੀ ਸੈਂਟਰ ਤੇ ਜਾ ਸਕਦਾ ਹੈ । ਮਰੀਜ਼ ਦੀ ਬਲਗਮ ਦੇ ਤਿੰਨ ਸੈਂਪਲ ਜੋ ਦੋ ਦਿਨਾਂ ਦੇ ਵਕਫੇ ਅੰਦਰ ਲਏ ਜਾਂਦੇ ਹਨ ਦੀ ਜਾਂਚ ਸਬੰਧਤ ਲੈਬਾਰਟਰੀ ਟੈਕਨੀਸ਼ੀਅਨ ਵਲੋਂ ਕੀਤੀ ਜਾਂਦੀ ਹੈ ਅਤੇ ਰਿਪੋਰਟ ਦਿੱਤੀ ਜਾਂਦੀ ਹੈ । ਇਹ ਬਲਗਮ ਜਾਂਚ ਦਾ ਟੈਸਟ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ । ਮਾਨਸਾ, ਖਿਆਲਾ ਕਲਾਂ, ਭੀਖੀ, ਬੁਢਲਾਡਾ, ਬਰੇਟਾ, ਸਰਦੂਲਗੜ੍ਹ ਅਤੇ ਝੁਨੀਰ ਦੇ ਸਰਕਾਰੀ ਹਸਪਤਾਲਾਂ ਵਿੱਚ ਸੱਤ ਮਾਈਕ੍ਰੋਸਕੋਪੀ ਸੈਂਟਰ ਸਥਾਪਿਤ ਕੀਤੇ ਗਏ ਹਨ । ਟੀ.ਬੀ. ਦੀ ਤਫਤੀਸ਼ ਹੋਣ ਉਪਰੰਤ ਮੈਡੀਕਲ ਅਫ਼ਸਰ ਪ੍ਰੋਗਰਾਮ ਦੀਆਂ ਹਦਾਇਤਾਂ ਅਨੁਸਾਰ ਮਰੀਜ਼ ਦੀ ਕੈਟਾਗਿਰੀ ਤਹਿ ਕਰਦਾ ਹੈ ਅਤੇ ਮਰੀਜ਼ ਨੂੰ ਦੋ ਟਰੀਟਮੈਂਟ ਕਾਰਡ ਅਤੇ ਇੱਕ ਸ਼ਨਾਖਤੀ ਕਾਰਡ ਦੇ ਕੇ ਡਾਟ ਪਰੋਵਾਈਡਰ ਕੋਲ ਭੇਜਦਾ ਹੈ । ਡਾਟ ਪਰੋਵਾਈਡਰ ਟੀ.ਬੀ. ਵਿਰੋਧੀ ਦਵਾਈਆਂ ਮਾਈਕਰੋਸਕੋਪੀ ਸੈਂਟਰ ਤੋਂ ਪ੍ਰਾਪਤ ਕਰਕੇ ਡਾਟ ਸੈਂਟਰ ਤੇ ਹੀ ਆਪਣੀ ਨਿਗਰਾਨੀ ਹੇਠ ਖਿਲਾਉਂਦਾ ਹੈ । ਮਾਨਸਾ ਵਿੱਚ 237 ਡਾਟ ਸੈਂਟਰਾਂ ਦੀ ਸ਼ਨਾਖਤ ਕੀਤੀ ਗਈ ਹੈ । ਡਾਟ ਪਰਣਾਲੀ ਅਧੀਨ ਮਰੀਜਾਂ ਨੂੰ ਟੀ.ਬੀ. ਵਿਰੋਧੀ ਦਵਾਈਆਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ ।